# मेरा नानक वीरा गावे

ਇੱਕ ਓਂਕਾਰ ਨੂੰ, ਸੀਸ ਝੁਕਾ ਕੇ ।
ਕਰ ਅਰਦਾਸ, ਚੌਂਕੜਾ ਲਾ ਕੇ ॥,,
*ਆ ਮਰਦਾਨਿਆ, ਛੇੜ ਦੇ ਤਾਰਾਂ ॥,
ਮੁੱਖੋਂ ਏਹ ਫੁਰਮਾਵੇ,
ਬਾਣੀ ਧੁਰ ਤੋਂ ਆਈ ਏ,,,
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ )
ਬਾਣੀ ਧੁਰ ਤੋਂ ਆਈ ਏ, ਮੇਰਾ ਨਾਨਕ ਵੀਰਾ ਗਾਵੇ ॥
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ ॥ )

ਮਾਂ ਤ੍ਰਿਪਤਾ ਦੀ, ਅੱਖ ਦਾ ਤਾਰਾ, "ਬਾਬੁਲ ਦਾ ਏਹ ਨੂਰ" ।
ਜੱਗ ਕਹੇ, ਜੱਗ ਤਾਰਨ ਵਾਲਾ, "ਨਾਨਕ ਸ਼ਾਹ ਹਜ਼ੂਰ" ॥
*ਕਿਰਤ ਕਰਨਾ, ਵੰਡ ਕੇ ਛੱਕਣਾ ॥, ਸਭ ਨੂੰ ਨਾਮ ਜਪਾਵੇ,
ਬਾਣੀ ਧੁਰ ਤੋਂ ਆਈ ਏ,,,
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ )
ਬਾਣੀ ਧੁਰ ਤੋਂ ਆਈ ਏ, ਮੇਰਾ ਨਾਨਕ ਵੀਰਾ ਗਾਵੇ ॥
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ ॥ )

ਰੂਹਾਂ ਉੱਤੇ, ਰਾਜ ਓਹ ਕਰਦਾ, "ਬਣ ਕੇ ਰੂਪ ਅਕਾਲ" ।
ਅੰਮ੍ਰਿਤ ਭਿੱਜੇ, ਬੋਲਾਂ ਦੇ ਨਾਲ, "ਕਰਦਾ ਨਦਰਿ ਨਿਹਾਲ" ॥
*ਸ਼ਬਦ ਗੁਰੂ ਨਾਲ, ਜੋੜੇ ਸਭ ਨੂੰ ॥, ਜਿੱਥੇ ਜਿੱਥੇ ਜਾਵੇ,
ਬਾਣੀ ਧੁਰ ਤੋਂ ਆਈ ਏ,,,
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ )
ਬਾਣੀ ਧੁਰ ਤੋਂ ਆਈ ਏ, ਮੇਰਾ ਨਾਨਕ ਵੀਰਾ ਗਾਵੇ ॥
( ਸਤਿਨਾਮ ਸਤਿਨਾਮ ,ਵਾਹਿਗੁਰੂ ਵਾਹਿਗੁਰੂ ॥ )

ਬਲੀਆਂ ਦਾ, ਬਲੀ ਏਹ ਨਾਨਕ, "ਪੀਰਾਂ ਦਾ ਏ ਪੀਰ" ।
ਮੇਰੇ ਲਈ ਤਾਂ, ਗੁਰੂ ਏਹ ਮੇਰਾ, "ਦੁਨੀਆਂ ਕਹੇ ਫ਼ਕੀਰ" ॥
*ਰੋਮੀ ਜੇਹੇ, ਦੁਖੀਆਂ ਨੂੰ ਏਹ ॥, ਖੈਰ ਸੁੱਖਾਂ ਦੀ ਪਾਵੇ,
ਬਾਣੀ ਧੁਰ ਤੋਂ ਆਈ ਏ,,,
( ਸਤਿਨਾਮ ਸਤਿਨਾਮ, ਵਾਹਿਗੁਰੂ ਵਾਹਿਗੁਰੂ )
ਬਾਣੀ ਧੁਰ ਤੋਂ ਆਈ ਏ, ਮੇਰਾ ਨਾਨਕ ਵੀਰਾ ਗਾਵੇ ॥
( ਸਤਿਨਾਮ ਸਤਿਨਾਮ ,ਵਾਹਿਗੁਰੂ ਵਾਹਿਗੁਰੂ ॥॥ )

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24801/title/mera-nanak-veera-gaave

अपने Android मोबाइल पर BhajanGanga App डाउनलोड करें और भजनों का आनंद ले |